SED-EDU404/83/2020-4EDU4 I/892820/2024 ਮਿਤੀ: 26.07.2024

DM(MIS)
31-7-24

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ 4 ਸ਼ਾਖਾ)

**ਪੰਜਾਬ ਦੇ ਰਾਜਪਾਲ ਜੀ ਦੇ ਆਦੇਸ਼**

ਸ੍ਰੀ ਜਸਪਾਲ, ਜਿਲਾ ਸਿੱਖਿਆ ਅਫਸਰ (ਸੈ.ਸਿ.), ਫਾਜ਼ਿਲਕਾ ਨੇ 58 ਸਾਲ ਦੀ ਉਮਰ ਪੂਰੀ ਹੋਣ ਤੇ ਮਿਤੀ 31.01.2024 ਨੂੰ ਸੇਵਾ ਨਿਵਰਿਤ ਹੋਣਾ ਸੀ। ਅਧਿਕਾਰੀ ਵੱਲੋਂ ਉਸਦੇ ਅੰਗਹੀਣ ਹੋਣ ਕਾਰਨ ਉਸਦੀ ਰਿਟਾਇਰਮੈਂਟਦੀ ਉਮਰ 58 ਸਾਲ ਤੋਂ ਵਧਾ ਕੇ 60 ਸਾਲ ਕਰਨ ਦੀ ਬੇਨਤੀ ਕੀਤੀ ਗਈ ਸੀ। ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ਼ 2 ਸ਼ਾਖਾ) ਵੱਲੋਂ ਜਾਰੀ ਹਦਾਇਤਾਂ ਮਿਤੀ 19.02.2021 ਅਤੇ 9/5/2017-2 ਪੀ.ਪੀ.2/20 ਮਿਤੀ 19/02/2021 ਰਾਹੀਂ The persons with disabilities (Equal Opportunities, protection of Rights and Full participation) Act, 1995 (ਕੇਂਦਰੀ ਐਕਟ ਨੰ. 1 ਆਫ 1996) ਦੀ ਧਾਰਾ 33 ਤਹਿਤ The rights of persons with disabilities act, 2016 ਦੇ ਸੈਕਸ਼ਨ 34 ਵਿੱਚ ਕੀਤੇ ਉਪਬੰਧਾਂ ਅਨੁਸਾਰ ਅੰਗਹੀਣ ਕੈਟੇਗਿਰੀਜ਼ ਦੇ ਕਰਮਚਾਰੀਆਂ ਦੀ ਸੇਵਾ ਨਿਵਰਤੀ ਦੀ ਉਮਰ 58 ਤੋਂ 60 ਸਾਲ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

2. ਇਹ ਕਿ ਸ੍ਰੀ ਜਸਪਾਲ, ਜਿਲਾ ਸਿੱਖਿਆ ਅਫਸਰ (ਸੈ.ਸਿ.) ਵੱਲੋਂ ਅਪੰਗਤਾ ਦਾ ਜੋ ਸਰਟਿਫਿਕੇਟ ਪੇਸ਼ ਕੀਤਾ ਗਿਆ ਉਹ ਸਾਲ 1988 ਵਿੱਚ ਜਾਰੀ ਹੋਇਆ ਸੀ ਅਤੇ ਉਸ ਵਿੱਚ ਉਸਦੀ ਅਪੰਗਤਾ 45% ਦਰਸਾਈ ਹੋਈ ਸੀ। ਜਿਸਦਾ ਇੰਦਰਾਜ ਸਬੰਧਤ ਜਿਲਾ ਸਿੱਖਿਆ ਅਫਸਰ (ਸੈ.ਸਿ.) ਮੁਕਤਸਰ ਵੱਲੋਂ ਅਧਿਕਾਰੀ ਦੀ ਸਰਵਿਸ ਬੁੱਕ ਵਿੱਚ ਮਿਤੀ29.08.2023 ਨੂੰ ਕਰ ਦਿੱਤਾ ਗਿਆ, ਜਿਸ ਲਈ ਉਹ ਸਮਰੱਥ ਨਹੀਂ ਸੀ।

3. ਇਸ ਲਈ ਸਰਕਾਰ ਵੱਲੋਂ ਅਧਿਕਾਰੀ ਦਾ ਮੁੜ ਮੈਡੀਕਲ ਮੁਆਇਨਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ, ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਨੂੰ ਲਿਖਿਆ ਗਿਆ ਸੀ। ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਵੱਲੋਂ ਗਠਿਤ ਮੈਡੀਕਲ ਬੋਰਡ ਵੱਲੋਂ ਉਸਦੀ (Post Polio Residual Paralysis Right Lower Limb with Shortening) ਅਧੀਨ ਅਪੰਗਤਾ (44%) ਦਰਸਾਈ ਗਈ ਹੈ। ਜਿਸਦੇ ਆਧਾਰ ਤੇ ਸਿਵਲ ਸਰਜਨ, ਮੁਕਤਸਰ ਵੱਲੋਂ (Post Polio Residual Paralysis Right Lower Limb with Shortening) 44% ਅਪੰਗਤਾ ਵਾਲਾ ਨਵਾਂ ਸਰਟਿਫਿਕੇਟ ਜਾਰੀ ਕਰ ਦਿੱਤਾ ਗਿਆ।

4. ਇਹ ਕਿ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 19.11.2014, 19.02.2021 ਅਤੇ The rights of persons with disabilities act, 2016 ਦੇ ਸੈਕਸ਼ਨ 34 ਵਿੱਚ ਕੀਤੇ ਉਪਬੰਧਾਂ ਅਤੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਸ੍ਰੀ ਜਸਪਾਲ, ਜਿਲਾ ਸਿੱਖਿਆ ਅਫਸਰ (ਸੈ.ਸਿ.) ਫਾਜ਼ਿਲਕਾ ਜਿਸਨੇ 58 ਸਾਲ ਦੀ ਉਮਰ ਪੂਰੀ ਹੋਣ ਤੇ ਮਿਤੀ 31.01.2024 ਨੂੰ ਰਿਟਾਇਰ ਹੋਣਾ ਸੀ, ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ

ਫਰੀਦਕੋਟ ਵੱਲੋਂ ਗਠਿਤ ਮੈਡੀਕਲ ਬੋਰਡ ਦੀ ਸਿਫਾਰਿਸ਼ ਤੇ ਸਿਵਲ ਸਰਜਨ ਮੁਕਤਸਰ ਵੱਲੋਂ ਮਿਤੀ 09.04.2024 ਨੂੰ 44% ਅੰਗਹੀਣ ਦੇ ਸਰਟਿਫਿਕੇਟ ਜਾਰੀ ਹੋਣ ਕਾਰਨ ਉਸਦੀ ਸੇਵਾ ਨਿਵਰਤੀ ਦੀ ਉਮਰ 58 ਸਾਲ ਦੀ ਬਜਾਏ 60 ਸਾਲ ਕੀਤੀ ਜਾਂਦੀ ਹੈ।

5. ਅਧਿਕਾਰੀ ਦੀ ਤੈਨਾਤੀ ਦੇ ਹੁਕਮ ਬਾਅਦ ਵਿੱਚ ਵੱਖਰੇ ਤੌਰ ਤੇ ਕੀਤੇ ਜਾਣਗੇ। ਅਧਿਕਾਰੀ ਦੇ ਮਿਤੀ 01.02.2024 ਤੋਂ ਹਾਜ਼ਰ ਹੋਣ ਤੱਕ ਦੇ ਸਮੇਂ ਨੂੰ ਬਣਦੀ ਛੁੱਟੀ (Leave of Kind Due) ਤਸੱਵਰ ਕੀਤਾ ਜਾਂਦਾ ਹੈ। ਤੈਨਾਤੀ ਦੇ ਹੁਕਮ ਬਾਅਦ ਵਿੱਚ ਵੱਖਰੇ ਤੌਰ ਤੇ ਜਾਰੀ ਕੀਤੇ ਜਾਣਗੇ।

ਮਿਤੀ, ਚੰਡੀਗੜ੍ਹ:
04.07.2024

ਕਮਲ ਕਿਸ਼ੋਰ ਯਾਦਵ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ ਸਕੂਲਜ਼।

ਪਿੰਠ.ਅੰਕਣ.ਨੰ:/ਉਕਤ ਮਿਤੀ,ਚੰਡੀਗੜ੍ਹ: 26.07.2024

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮਹਾਂਲੇਖਾਕਾਰ, ਪੰਜਾਬ (ਲੇਖਾ ਤੇ ਹੱਕਦਾਰੀ), ਚੰਡੀਗੜ੍ਹ।
2. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼ 8 ਮੋਹਾਲੀ
3. ਡਾਇਰੈਕਟ ਜਨਰਲ ਸਕੂਲ ਸਿੱਖਿਆ, ਪੰਜਾਬ - ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼ 8, ਐਸ.ਏ.ਐਸ.ਨਗਰ ਮੋਹਾਲੀ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਨਾਂ ਹੁਕਮਾਂ ਦੀ ਕਾਪੀ ਵਿਭਾਗ ਦੀ ਵੈਬਸਾਈਟ ਤੇ ਤੁਰੰਤ ਅਪਲੋਡ ਕਰਵਾਉਣ ਦੀ ਖੇਚਲ ਕੀਤੀ ਜਾਵੇ।
4. ਜਿਲਾ ਸਿੱਖਿਆ ਅਫਸਰ ਫਾਜ਼ਿਲਕਾ (ਸੈ.ਸਿ.) ਨੂੰ ਅਧਿਕਾਰੀ ਦਾ ਸੇਵਾ ਰਿਕਾਰਡ ਅਪਡੇਟ ਕਰਨ ਲਈ
5. ਜਿਲਾ ਖਜਾਨਾ ਅਫਸਰ ਫਾਜ਼ਿਲਕਾ।
6. ਸਬੰਧਤ ਅਧਿਕਾਰੀ

(ਸੁਰਜੀਤ ਸਿੰਘ)
ਸੁਪਰਡੰਟ